## ਇਸ ਚੋਣ ਲਈ ਵੋਟ ਪਾਉਣ ਵਾਸਤੇ ਤੁਹਾਡੀ ਮਦਦ ਕਰਨਾ

- ਉਮੀਦਵਾਰਾਂ ਨੂੰ ਵੋਟਿੰਗ ਦਸਤਾਵੇਜ਼ ਵਿੱਚ ਉਹਨਾਂ ਚੋਣਾਂ ਦੇ ਤਹਿਤ ਸੂਚੀ ਵਿੱਚ ਦਰਜ ਕੀਤਾ ਗਿਆ ਹੈ ਜਿਹਨਾਂ ਲਈ ਉਹ ਖੜ੍ਹੇ ਹੋ ਰਹੇ ਹਨ।
- ਚੋਣਾਂ ਅਤੇ ਉਮੀਦਵਾਰਾਂ ਦੇ ਪ੍ਰੋਫ਼ਾਈਲਾਂ ਨਾਲ ਮਿਲਾਨ ਕਰਨ ਵਿੱਚ ਤੁਹਾਡੀ ਸਹਾਇਤਾ ਵਾਸਤੇ ਅਸੀਂ ਵੋਟਿੰਗ ਦਸਤਾਵੇਜ਼ ਅਤੇ ਇਸ ਪ੍ਰੋਫ਼ਾਈਲ ਬੁੱਕ ਨੂੰ ਕਲਰ ਕੋਡ ਕਰ ਦਿੱਤਾ ਹੈ।
- ਹੋ ਸਕਦਾ ਹੈ ਕਿ ਇਸ ਕਿਤਾਬਚੇ ਵਿੱਚ ਹੋਰ ਚੋਣਾਂ ਵੀ ਸ਼ਾਮਲ ਹੋਣ ਜੋ ਤੁਹਾਡੇ ‘ਤੇ ਲਾਗੂ ਨਹੀਂ ਹੁੰਦੀਆਂ।

ਸਫ਼ਲ ਉਮੀਦਵਾਰਾਂ ਵੱਲੋਂ ਲਏ ਜਾਣ ਵਾਲੇ ਫ਼ੈਸਲੇ ਸਾਨੂੰ ਸਾਰਿਆਂ ਨੂੰ ਹਰ ਰੋਜ਼ ਪ੍ਰਭਾਵਤ ਕਰਦੇ ਹਨ। ਤੁਹਾਨੂੰ ਆਪਣੇ ਵੋਟਿੰਗ ਦਸਤਾਵੇਜ਼ ‘ਤੇ ਇਹਨਾਂ ਵਿੱਚੋਂ ਸਾਰੇ ਜਾਂ ਕੁਝ ਅਹੁਦੇ ਦਿਖਾਈ ਦੇਣਗੇ:

- **ਮੇਅਰ** ਸਿਟੀ ਜਾਂ ਡਿਸਟ੍ਰਿਕਟ ਕੌਂਸਲ ਦਾ ਆਗੂ ਹੁੰਦਾ ਹੈ।
- **ਸਿਟੀ ਜਾਂ ਡਿਸਟ੍ਰਿਕਟ ਕੌਂਸਲ** ਕਮਿਉਨਿਟੀਆਂ ਨੂੰ ਵਿਆਪਕ ਪ੍ਰਕਾਰ ਦੀਆਂ ਸਥਾਨਕ ਸੇਵਾਵਾਂ ਅਤੇ ਸਹੂਲਤਾਂ ਮੁਹੱਈਆ ਕਰਾਉਂਦੀ ਹੈ। ਕੌਂਸਲਾਂ ਮੁੱਖ ਬੁਨਿਆਦੀ ਢਾਂਚੇ (ਉਦਾਹਰਣ ਵਜੋਂ ਪਾਣੀ ਦੀ ਸਪਲਾਈ, ਸੀਵਰੇਜ, ਸੜਕਾਂ), ਸਥਾਨਕ ਕਾਨੂੰਨਾਂ, ਮਨ-ਪਰਚਾਵੇ ਦੀਆਂ ਸਹੂਲਤਾਂ, ਪਾਰਕਾਂ, ਯੋਜਨਾ ਅਤੇ ਨਿਰਮਾਣ ਨਾਲ ਜੁੜੇ ਮੁੱਦਿਆਂ ਸਮੇਤ ਕਮਿਉਨਿਟੀ ਦੀ ਭਲਾਈ ਵਿੱਚ ਸੁਧਾਰ ਲਿਆਉਣ ਲਈ ਫ਼ੈਸਲੇ ਲੈਂਦੀਆਂ ਹਨ। ਹੋ ਸਕਦਾ ਹੈ ਕਿ ਕੌਂਸਲ ਨੂੰ “ਵੱਡੇ ਪੈਮਾਨੇ ‘ਤੇ” ਚੁਣਿਆ ਜਾਵੇ ਜਾਂ ਵਾਰਡਾਂ ਵਿੱਚ ਵੰਡਿਆ ਜਾਵੇ (ਆਮ ਜਾਂ ਮਾਓਰੀ ਸਮੇਤ)।
- **ਰੀਜਨਲ ਕੌਂਸਲ** ਖੇਤਰੀ ਪੱਧਰ ‘ਤੇ ਸਭ ਤੋਂ ਵਧੀਆ ਤਰੀਕੇ ਨਾਲ ਪ੍ਰਦਾਨ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਫ਼ੈਸਲੇ ਲੈਂਦੀ ਹੈ ਜਿਵੇਂ ਕਿ ਕੁਦਰਤੀ ਸ੍ਰੋਤਾਂ ਦਾ ਪ੍ਰਬੰਧਨ (ਉਦਾਹਰਣ ਵਜੋਂ ਪਾਣੀ ਦੀ ਕੁਆਲਿਟੀ, ਪਾਣੀ ਦੀ ਵੰਡ, ਜ਼ਮੀਨ ਅਤੇ ਮਿੱਟੀ, ਸਮੁੰਦਰੀ ਤਟ ਬਾਰੇ ਯੋਜਨਾ, ਪੌਦੇ ਅਤੇ ਕੀਟਨਾਸ਼ਕ ਕੰਟ੍ਰੋਲ), ਖੇਤਰੀ ਆਵਾਜਾਈ, ਅਤੇ ਨਾਗਰਿਕ ਸੁਰੱਖਿਆ ਤੇ ਐਮਰਜੈਂਸੀ ਪ੍ਰਬੰਧਨ। ਇਕਾਤਮਕ ਅਥਾਰਟੀਆਂ (Unitary Authorities) ਸਿਟੀ ਜਾਂ ਡਿਸਟ੍ਰਿਕਟ ਕੌਂਸਲਾਂ ਅਤੇ ਰੀਜਨਲ ਕੌਂਸਲਾਂ ਦੋਵਾਂ ਦੇ ਕੰਮ ਕਰਦੀਆਂ ਹਨ। ਰੀਜਨਲ ਕੌਂਸਲ ਨੂੰ ਹਲਕਿਆਂ ਵਿੱਚ ਵੰਡਿਆ ਜਾਂਦਾ ਹੈ। (ਜੋ ਕਿ ਆਮ ਜਾਂ ਮਾਓਰੀ ਹੋ ਸਕਦੇ ਹਨ)
- **ਕਮਿਊਨਿਟੀ ਬੋਰਡ** ਸਥਾਨਕ ਕਮਿਉਨਿਟੀਆਂ ਨੂੰ ਸਮਰੱਥ ਬਣਾਉਣ ਲਈ ਅਗਵਾਈ ਪ੍ਰਦਾਨ ਕਰਦਾ ਹੈ ਅਤੇ ਸ਼ਾਇਦ ਸਥਾਨਕ ਮੁੱਦਿਆਂ ਬਾਰੇ ਫ਼ੈਸਲੇ ਲੈ ਸਕਦਾ ਹੈ ਜਾਂ ਇਸ ਬਾਰੇ ਸੁਝਾਅ ਦੇ ਸਕਦਾ ਹੈ ਕਿ ਕੌਂਸਲ ਨੂੰ ਸਥਾਨਕ ਸੇਵਾਵਾਂ ਉੱਪਰ ਪੈਸਾ ਕਿਵੇਂ ਖਰਚ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਕਿ ਕਮਿਉਨਿਟੀ ਬੋਰਡਾਂ ਨੂੰ ਸਬ-ਡਵੀਜ਼ਨਾਂ ਵਿੱਚ ਵੰਡਿਆ ਜਾਵੇ।
- **ਲਾਇਸੈਂਸਿੰਗ ਟ੍ਰਸਟ**, ਅਹਾਤਿਆਂ ਰਾਹੀਂ ਟ੍ਰਸਟ ਦੇ ਇਲਾਕੇ ਵਿੱਚ ਜ਼ਿੰਮੇਵਾਰ ਢੰਗ ਨਾਲ ਸ਼ਰਾਬ ਵੇਚਣ ਲਈ ਅਤੇ ਇਹ ਫ਼ੈਸਲਾ ਕਰਨ ਲਈ ਮੌਜੂਦ ਹੈ ਕਿ ਵਾਧੂ ਮੁਨਾਫ਼ਾ ਕਮਿਉਨਿਟੀ ਨੂੰ ਕਿਵੇਂ ਵਾਪਸ ਕੀਤਾ ਜਾਵੇ। ਕਮਿਉਨਿਟੀ ਅਤੇ ਹੋਰ ਟ੍ਰਸਟਾਂ ਚੈਰੀਟੇਬਲ ਕੰਮਾਂ ਵਿੱਚ ਸਹਿਯੋਗ ਦਿੰਦੀਆਂ ਹਨ। ਲਾਇਸੈਂਸਿੰਗ ਟ੍ਰਸਟਾਂ ਨੂੰ ਸ਼ਾਇਦ ਵਾਰਡਾਂ ਵਿੱਚ ਵੰਡਿਆ ਜਾ ਸਕਦਾ ਹੈ।
- ਹੋ ਸਕਦਾ ਹੈ ਕਿ ਤੁਹਾਡੇ ਵੋਟਿੰਗ ਦਸਤਾਵੇਜ਼ ਉੱਪਰ **ਪੋਲ ਜਾਂ ਰੈਫ਼ਰੈਂਡਮ** ਵੀ ਹੋਵੇ। ਇਸ ਵਿੱਚ ਤੁਹਾਡੀ ਵੋਟ, ਕੌਂਸਲ ਨੂੰ ਵਿਚਾਰ ਅਧੀਨ ਮੁੱਦੇ ਬਾਰੇ ਫ਼ੈਸਲੇ ਲੈਣ ਵਿੱਚ ਮਦਦ ਕਰਦੀ ਹੈ।

### ਇਸ ਚੋਣ ਵਾਸਤੇ ਮਹੱਤਵਪੂਰਨ ਤਾਰੀਖਾਂ

**ਡਾਕ ਰਾਹੀਂ**

ਆਪਣਾ ਵਿਅਕਤੀਗਤ ਵੋਟਿੰਗ ਦਸਤਾਵੇਜ਼ ਫ੍ਰੀਪੋਸਟ ਲਿਫ਼ਾਫ਼ੇ ਵਿੱਚ **ਮੰਗਲਵਾਰ, 4 ਅਕਤੂਬਰ 2022 ਤੋਂ ਪਹਿਲਾਂ ਪਹਿਲਾਂ** ਭੇਜ ਦਿਓ

**ਜਾਂ**

ਇਸਨੂੰ ਵੋਟਿੰਗ ਦਸਤਾਵੇਜ਼ ਉੱਪਰ ਦੱਸੇ ਗਏ ਪਤੇ ‘ਤੇ ਲੈ ਜਾਓ ਤਾਂ ਜੋ **ਵੋਟਿੰਗ ਬੰਦ ਹੋਣ ਤੋਂ ਪਹਿਲਾਂ** ਇਹ ਚੋਣ ਅਧਿਕਾਰੀ (Electoral Officer) ਕੋਲ ਹੋਵੇ

**ਵੋਟਿੰਗ ਦੀ ਸਮਾਪਤੀ**

**ਦੁਪਹਿਰ 12 ਵਜੇ, ਸ਼ਨੀਵਾਰ, 8 ਅਕਤੂਬਰ 2022**

**ਹੋਰ ਮਦਦ ਦੀ ਲੋੜ ਹੈ?** ਜੇ ਤੁਸੀਂ ਚੰਗੀ ਤਰ੍ਹਾਂ ਦੇਖ ਨਹੀਂ ਸਕਦੇ ਹੋ ਜਾਂ ਪੜ੍ਹ ਜਾਂ ਲਿਖ ਨਹੀਂ ਸਕਦੇ ਹੋ ਜਾਂ ਤੁਹਾਨੂੰ ਅੰਗ੍ਰੇਜ਼ੀ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਤੁਸੀਂ ਕਿਸੇ ਹੋਰ ਵਿਅਕਤੀ ਨੂੰ ਦਸਤਾਵੇਜ਼ ‘ਤੇ ਨਿਸ਼ਾਨ ਲਗਾਉਣ ਵਿੱਚ ਸਹਾਇਤਾ ਕਰਨ ਲਈ ਕਹਿ ਸਕਦੇ ਹੋ। ਜੇ ਤੁਹਾਨੂੰ ਪੱਕਾ ਨਹੀਂ ਪਤਾ ਹੈ ਕਿ ਕੀ ਕਰਨਾ ਹੈ, ਜਾਂ ਤੁਸੀਂ ਕੋਈ ਗਲਤੀ ਕਰ ਬੈਠੇ ਹੋ ਜਿਸਨੂੰ ਤੁਸੀਂ ਸਪਸ਼ਟ ਰੂਪ ਵਿੱਚ ਠੀਕ ਨਹੀਂ ਕਰ ਸਕਦੇ ਹੋ, ਤਾਂ ਵੋਟਿੰਗ ਦਸਤਾਵੇਜ਼ ਉੱਪਰ ਦੱਸੇ ਗਏ ਨੰਬਰ ‘ਤੇ ਚੋਣ ਅਧਿਕਾਰੀ ਨਾਲ ਸੰਪਰਕ ਕਰੋ।